# ਮਾਨਯੋਗ ਕਿਰਤ ਮੰਤਰੀ-ਕਮ-ਚੈਅਰਮੈਨ ਭਵਨ ਅਤੇ ਹੋਰ ਉਸਾਰੀ ਕਾਮੇ ਭਲਾਈ ਬੋਰਡ ਦੀ ਪ੍ਰਧਾਨਗੀ ਹੇਠ ਮਿਤੀ 11.3.2010 ਨੂੰ ਹੋਈ ਬੈਠਕ ਦੀ ਕਾਰਵਾਈ।

ਮਿਤੀ 11.3.2010 ਨੂੰ ਮਾਨਯੋਗ ਕਿਰਤ ਮੰਤਰੀ, ਪੰਜਾਬ-ਕਮ-ਚੈਅਰਮੈਨ ਭਵਨ ਅਤੇ ਹੋਰ ਉਸਾਰੀ ਕਾਮੇ ਭਲਾਈ ਬੋਰਡ ਦੀ ਪ੍ਰਧਾਨਗੀ ਹੇਠ ਉਪਰੋਕਤ ਬੋਰਡ ਦੀ ਤੀਜੀ ਬੈਠਕ ਹੋਈ ਜਿਸ ਵਿਚ ਹੇਠ ਲਿਖੇ ਮੈਂਬਰਾਂ/ਪ੍ਰਤੀਨਿਧਾਂ ਨੇ ਭਾਗ ਲਿਆ:-

1. ਸ੍ਰੀ ਪੀ.ਰਾਮ, ਆਈ.ਏ.ਐਸ.
   ਪ੍ਰਮੁੱਖ ਸਕੱਤਰ, ਕਿਰਤ ਵਿਭਾਗ।

2. ਸ੍ਰੀ ਐਨ.ਕੇ. ਵਧਾਵਨ, ਆਈ.ਏ.ਐਸ.
   ਕਿਰਤ ਕਮਿਸ਼ਨਰ, ਪੰਜਾਬ।

3. ਸ੍ਰੀ ਅਰਵਿੰਦਰ ਸਿੰਘ,
   ਨਿਗਰਾਣ ਇੰਜੀਨਿਅਰ,
   ਪੀ.ਡਬਲਿਊ.ਡੀ. ਬੀ. ਐਂਡ ਆਰ.

4. ਸ੍ਰੀ ਵਿਨੋਦ ਚੌਧਰੀ,
   ਚੀਫ ਇੰਜੀਨਿਅਰ ਡਰੀਨੇਜ਼,
   ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ।

5. ਸ੍ਰੀ ਕਰਤਾਰ ਸਿੰਘ ਰਾਠੌਰ, ਪ੍ਰਧਾਨ
   ਭਾਰਤੀਯ ਮਜ਼ਦੂਰ ਸੰਘ, ਜਲੰਧਰ।

6. ਸ੍ਰੀ ਇੰਦਰੇਸ਼ ਮੋਹਨ ਹਿੰਦੂਜਾ,

7. ਸ੍ਰੀ ਸੋਮ ਨਾਥ, ਲੁਧਿਆਣਾ

ਬੈਠਕ ਵਿਚ ਹੇਠ ਲਿਖੇ ਅਨੁਸਾਰ ਫੈਸਲੇ ਲਏ :-

## ਮੱਦ ਨੰ: 1 ਬੋਰਡ ਦੀ ਦੂਜੀ ਬੈਠਕ ਦੀ ਕਾਰਵਾਈ ਦੀ ਪੁਸ਼ਟੀ ।

ਬੋਰਡ ਦੀ ਮਿਤੀ 5.8.2009 ਨੂੰ ਹੋਈ ਦੂਜੀ ਬੈਠਕ ਦੀ ਕਾਰਵਾਈ ਸਮੂਹ ਮੈਂਬਰਾਂ ਨੂੰ ਪੱਤਰ ਨੰ:ਜ-4/ਬਕਵਬ/2009/21498 ਮਿਤੀ 18.8.2009 ਰਾਹੀਂ ਭੇਜੀ ਗਈ ਸੀ। ਕਿਸੇ ਮੈਂਬਰ ਵੱਲੋਂ ਇਸ ਕਾਰਵਾਈ ਤੇ ਕੋਈ ਇਤਰਾਜ਼ ਪ੍ਰਾਪਤ ਨਹੀਂ ਹੋਇਆ । ਪਿੱਛਲੀ ਬੈਠਕ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

74

## ਮੱਦ ਨੰ:2 ਬੋਰਡ ਦੀ ਦੂਜੀ ਬੈਠਕ ਵਿੱਚ ਲਏ ਗਏ ਫੈਸਲਿਆਂ ਤੇ ਕੀਤੀ ਗਈ ਕਾਰਵਾਈ

ਕਿਰਤ ਕਮਿਸ਼ਨਰ ਨੇ ਬੋਰਡ ਦੇ ਕੰਮ ਲਈ ਕੰਪਿਊਟਰ ਅਤੇ ਹੋਰ ਸਾਜੋ-ਸਮਾਨ ਦੀ ਖਰੀਦ ਬਾਰੇ ਦਸਿਆ ਕਿ ਪਹਿਲਾਂ ਉਨ੍ਹਾਂ ਨੇ ਕਾਰਖਾਨੇ ਸ਼ਾਖਾ ਵਲੋਂ ਖਰੀਦੇ ਜਾ ਰਹੇ ਸਾਜ਼ੋ-ਸਮਾਨ ਦੀ ਤਰਜ ਤੇ ਪੰਜਾਬ ਇਨਫੋਟੈਕ ਰਾਹੀਂ ਇਹ ਸਮਾਨ ਖਰੀਦਣ ਬਾਰੇ ਤਜਵੀਜ਼ ਸੀ ਪਰ ਬਾਅਦ ਵਿੱਚ ਪਤਾ ਲਗਾ ਕਿ ਇਨਫੋਟੇਕ ਰਾਹੀਂ ਖਰੀਦੇ ਜਾ ਰਹੇ ਸਾਜ਼ੋ-ਸਮਾਨ ਦੇ ਰੇਟ ਬਹੁੱਤ ਜ਼ਿਆਦਾ ਹਨ ਅਤੇ ਨਵੀਂ ਤਕਨਾਲੋਜੀ ਆਉਣ ਕਾਰਨ ਬੇਹਤਰ ਸਮਾਨ ਉਪਲੱਬਧ ਕੀਤਾ ਜਾ ਸਕਦਾ ਹੈ ।ਡਾਇਰੈਕਟਰ ਜਨਰਲ ਸਪਲਾਈਜ਼ ਅਤੇ ਡਿਸਪੋਜ਼ਲਜ਼ (ਡੀ.ਜੀ.ਐਸ.ਐਂਡ ਡੀ.) ਦੇ ਰਾਹੀਂ ਇਹ ਸਮਾਨ ਖਰੀਦਣ ਲਈ ਰੇਟ ਕੰਟਰੇਕਟ ਵੀ ਹੋਇਆ ਹੈ । ਇਸ ਲਈ ਇਹ ਉਚਿਤ ਹੋਵੇਗਾ ਕਿ ਇਹ ਸਮਾਨ ਡੀ.ਜੀ.ਐਸ.ਡੀ. ਦੇ ਰੇਟ ਕੰਟਰੈਕਟ ਅਨੁਸਾਰ ਖਰੀਦਿਆ ਜਾਵੇ । ਸਾਜ਼ੋ-ਸਮਾਨ ਦੀ ਗਿਣਤੀ ਕਿਸਮ ਵਗੈਰਾ ਪਹਿਲਾ ਤਹਿ ਕਰ ਲਈ ਜਾਵੇ । ਫੈਸਲਾ ਕੀਤਾ ਗਿਆ ਕਿ ਅਗਲੀ ਬੈਠਕ ਹੋਣ ਤੋਂ ਪਹਿਲਾਂ ਸਾਰਾ ਸਾਜੋ ਸਮਾਨ ਉਪਰੋਕਤ ਤਜਵੀਜ਼ ਅਨੁਸਾਰ ਖਰੀਦ ਲਿਆ ਜਾਵੇ। ਦੂਜੀ ਬੈਠਕ ਵਿਚ ਕੀਤੇ ਫੈਸਲਿਆਂ ਅਨੁਸਾਰ ਬਾਕੀ ਮੱਦਾਂ ਤੇ ਕੀਤੀ ਕਾਰਵਾਈ ਬੈਠਕ ਵਿਚ ਦੱਸੀ ਗਈ।

## ਮੱਦ ਨੰ:3 ਕਰਮਚਾਰੀਆਂ ਦੀ ਭਰਤੀ ਸਬੰਧੀ ਕਾਰਜ ਬਾਅਦ ਪ੍ਰਵਾਨਗੀ ਲੈਣ ਬਾਰੇ।

ਬੋਰਡ ਦੀ ਸੇਵਾ ਵਿਚ ਇਕ ਲੇਖਾ ਸਹਾਇਕ, ਇਕ ਡਰਾਈਵਰ ਅਤੇ ਇਕ ਸੇਵਾਦਾਰ ਦੀ ਨਿਯੁਕਤੀ ਦੀ ਕਾਰਜਬਾਦ ਪ੍ਰਵਾਨਗੀ ਦਿੱਤੀ ਗਈ।

ਮਾਨਯੋਗ ਸੁਪਰੀਮ ਕੋਰਟ ਦੀਆਂ ਹਦਾਇਤਾਂ ਅਨੁਸਾਰ ਦੋ ਮਹੀਨੇ ਦੇ ਸਮੇਂ ਅੰਦਰ ਬੋਰਡ ਦੇ ਸਟਾਫ ਦੀ ਭਰਤੀ ਕੀਤੀ ਜਾਣੀ ਹੈ । ਸਮਾਂ ਘੱਟ ਹੋਣ ਕਾਰਣ ਇਹ ਸਟਾਫ ਸਰਵਿਸ ਪ੍ਰੋਵਾਈਡਰ ਰਾਹੀਂ ਰੱਖਿਆ ਜਾ ਰਿਹਾ ਹੈ । ਅਖਬਾਰ ਵਿਚ ਇਸ਼ਤਿਹਾਰ ਵੀ ਦਿੱਤਾ ਜਾ ਚੁੱਕਾ ਹੈ।ਜੇਕਰ ਇਸ ਸਟਾਫ ਦੀ ਇਕ ਸਾਲ ਦੇ ਸਮੇਂ ਲਈ ਨਿਯੁਕਤੀ 'ਸੀ-ਡੈਕ' ਰਾਹੀਂ ਕਰਵਾਈ ਜਾਵੇ ਤਾਂ ਸੀ ਡੈਕ ਵਲੋਂ ਭਰਤੀ ਦੇ ਕੰਮਾਂ ਲਈ ਫੀਸ ਦਿੱਤੀ ਜਾਣ ਵਾਲੀ ਤਨਖਾਹ ਦੇ ਲਗਭਗ ਬਰਾਬਰ ਹੋ ਜਾਂਦੀ ਹੈ । ਇੰਨੀ ਫੀਸ ਦੇਣ ਦੀ ਬਜਾਏ ਹਾਲ ਦੀ ਘੜੀ ਸਟਾਫ 'ਸਰਵਿਸ ਪ੍ਰੋਵਾਈਡਰ' ਰਾਹੀਂ ਰਖੱਣਾ ਉਚਿਤ ਹੈ। ਫੈਸਲਾ ਕੀਤਾ ਗਿਆ ਕਿ ਹਾਲ ਦੀ ਘੜੀ ਸਟਾਫ 'ਸਰਵਿਸ ਪ੍ਰੋਵਾਈਡਰ' ਰਾਹੀਂ ਰਖੱਣਾ ਉਚਿਤ ਹੈ । ਫੈਸਲਾ ਕੀਤਾ ਗਿਆ ਕਿ ਹਾਲ ਦੀ ਘੜੀ ਸਟਾਫ ਸਰਵਿਸ ਪ੍ਰੋਵਾਈਡਰ ਰਾਹੀਂ ਰੱਖ ਲਿਆ ਜਾਵੇ ਪਰ ਰੈਗੂਲਰ ਜਾ ਪੱਕੇ ਤੋਰ ਤੇ ਸਟਾਫ ਰਖੱਣ ਦੀ ਵੀ ਕਾਰਵਾਈ ਆਰੰਭੀ ਜਾਵੇ।

**ਮੱਦ ਨੰ: 4 ਪੰਜਾਬ ਭਵਨ ਅਤੇ ਹੋਰ ਉਸਾਰੀ ਕਾਮੇ ਭਲਾਈ ਬੋਰਡ ਦਾ ਕੰਮ-ਕਾਜ਼ ਸੁਚਾਰੂ ਢੰਗ ਨਾਲ ਚਲਾਉਣ ਅਤੇ ਤੇਜ਼ੀ ਲਿਆਉਣ ਲਈ ਗੱਡੀਆਂ ਦੀ ਖਰੀਦ ।**

ਸੈਸ ਦੀ ਵਸੂਲੀ ਅਤੇ ਕਿਰਤੀਆਂ ਦੀ ਬਤੌਰ ਲਾਭਪਾਤਰੀ ਰਜਿਸਟਰ ਕਰਨ ਦੇ ਕੰਮ ਵਿਚ ਤੇਜ਼ੀ ਲਿਆਉਣ ਲਈ 23 ਸੂਮੋ ਗੱਡੀਆਂ ਖੇਤਰੀ ਸਟਾਫ ਲਈ ਅਤੇ ਦੋ (1 ਸੂਮੋ ਅਤੇ ਇਕ ਇੰਡੀਗੋ) ਸਦਰ ਦਫਤਰ ਲਈ ਖਰੀਦਣ ਲਈ ਮਾਨਯੋਗ ਚੇਅਰਮੈਨ ਦੀ ਪ੍ਰਵਾਨਗੀ ਨਾਲ ਖਰੀਦ ਹੁਕਮ ਦੇ ਦਿੱਤੇ ਗਏ ਹਨ ਅਤੇ ਟਾਟਾ ਕੰਪਨੀ ਨੂੰ 1,19,19,624/- ਰੁਪਏ ਦੀ ਅਦਾਇਗੀ ਚੈਕ ਨੰ: 449332 ਮਿਤੀ 18.2.2010 ਰਾਹੀਂ ਕਰ ਦਿੱਤੀ ਗਈ ਹੈ। ਇਸ ਦੀ ਕਾਰਜਬਾਅਦ ਪ੍ਰਵਾਨਗੀ ਦਿੱਤੀ ਜਾਵੇ । ਬੋਰਡ ਦੇ ਮੈਂਬਰਾਂ ਵਲੋਂ ਸਰਬਸੰਮਤੀ ਨਾਲ ਬੋਰਡ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਗੱਡੀਆਂ ਦੀ ਖਰੀਦ ਸਬੰਧੀ ਕਾਰਜਬਾਅਦ ਪ੍ਰਵਾਨਗੀ ਦਿੱਤੀ ਗਈ।

**ਮੱਦ ਨੰ: 5 ਜਨ ਸ੍ਰੀ ਬੀਮਾ ਯੋਜਨਾ ਸਕੀਮ ਅਤੇ ਐਕਸ-ਗ੍ਰੇਸ਼ੀਆ ਸਕੀਮ ਦੀ ਬਜਾਏ ਨਵੀਂ ਐਕਸ-ਗ੍ਰੇਸ਼ੀਆ ਸਕੀਮ ।**

ਮਿਤੀ 9.6.09 ਨੂੰ ਹੋਈ ਬੋਰਡ ਦੀ ਬੈਠਕ ਵਿਚ ਉਸਾਰੀ ਕਾਮਿਆਂ ਲਈ ਐਲ.ਆਈ.ਸੀ. ਵਲੋਂ ਚਲਾਈ ਜਾ ਰਹੀਂ ਜਨਸ੍ਰੀ ਬੀਮਾ ਯੋਜਨਾ ਲਾਗੂ ਕਰਨ ਦਾ ਫੈਸਲਾ ਕੀਤਾ ਗਿਆ ਸੀ ਜਿਸ ਵਿਚ ਕਿਰਤੀ ਦੀ ਮੌਤ ਹੋਣ ਤੇ ਕਾਨੂੰਨੀ ਵਾਰਸਾਂ ਨੂੰ 75,000/-ਰੁਪਏ ਬਤੌਰ ਮੁਆਵਜ਼ਾ ਦੇਣ ਦਾ ਉਪਬੰਧ ਹੈ । ਗੁਆਂਢੀ ਰਾਜ ਹਰਿਆਣਾ ਦੇ ਤਜਰਬੇ ਤੋਂ ਪਤਾ ਚਲਿਆ ਕਿ ਸਾਲ ਦੋਰਾਨ ਇਸ ਸਕੀਮ ਅਧੀਨ ਕੋਈ ਕੇਸ ਨਾ ਹੋਣ ਕਾਰਨ ਕਿਸੇ ਕਿਰਤੀ ਨੂੰ ਕੋਈ ਲਾਭ ਪ੍ਰਾਪਤ ਨਹੀਂ ਹੋ ਸਕਿਆ, ਜਦੋਂ ਕਿ ਐਲ.ਆਈ.ਸੀ. ਨੂੰ ਪ੍ਰੀਮੀਅਮ ਵਜੋਂ ਵੱਡੀ ਰਾਸ਼ੀ ਅਦਾ ਕਰਨੀ ਪਈ।

ਪੰਜਾਬ ਲੇਬਰ ਵੈਲਫੇਅਰ ਬੋਰਡ ਵੱਲੋਂ ਚਲਾਈਆ ਜਾ ਰਹੀਆਂ ਭਲਾਈ ਸਕੀਮਾਂ ਉਸੇ ਤਰ੍ਹਾਂ ਉਸਾਰੀ ਕਾਮਿਆਂ ਤੇ ਵੀ ਲਾਗੂ ਕਰਨਾ ਪ੍ਰਵਾਨ ਕੀਤਾ ਗਿਆ ਸੀ। ਕਿਰਤ ਭਲਾਈ ਬੋਰਡ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਵਿੱਚ ਇਕ ਐਕਸਗ੍ਰੇਸ਼ੀਆ ਸਕੀਮ ਵੀ ਸੀ ਜਿਸ ਅਨੁਸਾਰ ਕਿਰਤੀ ਦੀ ਮੌਤ ਹੋਣ ਤੇ ਆਸ਼ਰਿਤਾਂ ਨੂੰ 40,000/- ਰੁਪਏ ਬਤੌਰ ਐਕਸਗ੍ਰੇਸ਼ੀਆ ਦੇਣਾ ਹੁੰਦਾ ਹੈ। ਇਹ ਸਕੀਮਾਂ ਅਪਨਾਉਣ ਨਾਲ ਉਸਾਰੀ ਕਾਮਿਆਂ ਨੂੰ ਜਨਸ੍ਰੀ ਅਤੇ ਐਕਸਗ੍ਰੇਸ਼ੀਆ ਸਕੀਮਾਂ ਅਧੀਨ ਦੂਹਰੇ ਲਾਭ ਹੋਣ ਵਾਲੀ ਸਥਿਤੀ ਬਣ ਗਈ ਸੀ । ਉਚਿਤ ਹੋਵੇਗਾ ਕਿ ਇਨ੍ਹਾਂ ਦੋਨਾਂ ਸਕੀਮਾਂ ਦੀ ਬਜਾਏ ਬੋਰਡ ਦੀ ਆਪਣੀ ਵਧੇਰੇ ਲਾਭਕਾਰੀ ਸਕੀਮ ਹੋਵੇ ।ਫੈਸਲਾ ਕੀਤਾ ਗਿਆ ਕਿ ਇਹ ਸਕੀਮਾਂ ਐਲ.ਆਈ.ਸੀ. ਰਾਹੀਂ ਚਲਾਉਣ ਦੀ ਥਾਂ ਬੋਰਡ ਆਪਣੀ ਪੱਧਰ ਤੇ ਚਲਾਵੇ ਅਤੇ ਇਨ੍ਹਾਂ ਅਧੀਨ ਹੇਠ ਲਿਖੇ ਅਨੁਸਾਰ ਲਾਭ ਦਿੱਤੇ ਜਾਣ :-

(1) ਲਾਭਪਾਤਰੀ ਦੀ ਮੌਤ ਹੋਣ ਜਾਂ ਉਸਦੇ ਪੂਰਨ ਅਪੰਗ ਹੋਣ ਤੇ ਮੁਆਵਜ਼ਾ 1,00,000/- ਰੁਪਏ।

(2) ਆਸ਼ੰਕ ਅਪੰਗ ਹੋਣ ਤੇ ਮੁਆਵਜ਼ਾ 50,000/-ਰੁਪਏ ।

76

**ਮੱਦ ਨੰ: 6 : ਕਿਰਤ ਭਵਨ ਦੀ ਉਸਾਰੀ ਲਈ ਪੰਜਾਬ ਲੇਬਰ ਵੈਲਫੇਅਰ ਬੋਰਡ ਨੂੰ ਇਸ ਬੋਰਡ ਵਲੋਂ ਆਸਾਨ ਵਿਆਜ਼ ਦਰਾਂ ਤੇ ਕਰਜ਼ਾ ।**

ਬੋਰਡ ਵਲੋਂ ਪਹਿਲਾਂ ਪ੍ਰਵਾਨ ਹੋਏ ਅਨੁਸਾਰ ਮੁਹਾਲੀ ਵਿਖੇ 7 ਕਨਾਲ ਦੇ ਪਲਾਟ ਤੇ 'ਕਿਰਤ ਭਵਨ' ਦੀ ਉਸਾਰੀ ਲਈ 'ਆਰਕੀਟੈਕਟ' ਕੋਲੋਂ ਪ੍ਰਸਤਾਵ ਮੰਗਣ ਲਈ ਅਖਬਾਰ ਵਿਚ ਇਸ਼ਤਿਹਾਰ ਦਿੱਤਾ ਗਿਆ ਹੈ। ਪਹਿਲਾਂ ਇਹ ਬਿਲਡਿੰਗ ਪੰਜਾਬ ਲੇਬਰ ਵੈਲਫੇਅਰ ਬੋਰਡ ਅਤੇ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਵਲੋਂ ਸਾਂਝੇ ਤੋਰ ਤੇ ਬਨਾਉਣ ਦੀ ਤਜਵੀਜ਼ ਸੀ। ਅਜਿਹਾ ਕਰਨ ਨਾਲ ਕਾਨੂੰਨੀ ਦਿੱਕਤਾਂ ਆ ਸਕਦੀਆਂ ਹਨ ਕਿਉਂ ਜੋ ਜਮੀਨ ਦੀ ਮਲਕੀਅਤ ਪੰਜਾਬ ਲੇਬਰ ਵੈਲਫੇਅਰ ਬੋਰਡ ਕੋਲ ਹੈ ਅਤੇ ਬਿਲਡਿੰਗ ਦੀ ਉਸਾਰੀ ਦਾ ਖਰਚਾ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਵਲੋਂ ਕੀਤਾ ਜਾਣਾ ਸੀ। ਫੈਸਲਾ ਕੀਤਾ ਗਿਆ ਕਿ ਭਵਨ ਅਤੇ ਹੋਰ ਉਸਾਰੀ ਕਾਮੇ ਭਲਾਈ ਬੋਰਡ ਸਾਢੇ ਪੰਜ ਕਰੋੜ ਰੁਪਏ 'ਸਾਫਟ ਲੋਨ' ਆਸਾਨ ਸ਼ਰਤਾਂ ਤੇ ਪੰਜਾਬ ਲੇਬਰ ਵੈਲਫੇਅਰ ਬੋਰਡ ਨੂੰ ਦੇਵੇਗਾ ।ਜੇਕਰ ਭਵਿੱਖ ਵਿਚ ਉਕਤ ਬਿਲਡਿੰਗ ਦੇ ਨਿਰਮਾਣ ਵਾਸਤੇ ਹੋਰ ਫੰਡਜ਼ ਦੀ ਲੋੜ ਹੋਵੇ ਤਾਂ ਉਹ ਵੀ ਬੋਰਡ ਪਾਸੋਂ ਬਤੌਰ ਕਰਜ਼ਾ ਮੰਨਜੂਰ ਕਰਵਾ ਲਏ ਜਾਣ।

**ਮੱਦ ਨੰ: 7: ਲਾਭਪਾਤਰੀਆਂ, ਅਦਾਰਿਆਂ ਦੀ 'ਆਨਲਾਈਨ ਰਜਿਸਟਰੇਸ਼ਨ', ਸੈਸ ਦੀ ਪ੍ਰਾਪਤੀ 'ਆਨਲਾਈਨ' ਕਰਨ ਅਤੇ ਇਨ੍ਹਾਂ ਬਾਰੇ ਰਿਕਾਰਡ ਰੱਖਣ ਲਈ ਸਾਫਟਵੇਅਰ ਤਿਆਰ ਕਰਨਾ ।**

ਉਸਾਰੀ ਕਾਮਿਆਂ ਨਾਲ ਸਬੰਧਤ ਕਾਨੂੰਨ ਦੀ ਜਾਣਕਾਰੀ ਪ੍ਰੇਜ਼ੇਂਟੇਸ਼ਨ ਲਈ ਇਕ ਕੰਪੈਕਟ ਡਿਸਕ (ਸੀ.ਡੀ.) ਤਿਆਰ ਕੀਤੀ ਗਈ ਹੈ ।ਇਹ ਸਮੂਹ ਸਹਾਇਕ ਕਿਰਤ ਕਮਿਸ਼ਨਰਾਂ ਅਤੇ ਕਿਰਤ ਤੇ ਸੁਲਾਹ ਅਫਸਰਾਂ ਨੂੰ ਦਿੱਤੀ ਗਈ ਹੈ ਤਾਂ ਜੋ ਉਹ ਜ਼ਿਲਾ ਪੱਧਰ ਤੇ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਉਸਾਰੀ ਕਾਮੇ ਨਾਲ ਜੁੜੀਆਂ ਯੂਨੀਅਨਾਂ ਦੇ ਨੁਮਾਇੰਦਿਆਂ ਨਾਲ ਬੈਠਕ ਕਰ ਸਕਣ ਅਤੇ ਇਸ ਦੀ ਜਾਣਕਾਰੀ ਉਸਾਰੀ ਕਾਮਿਆਂ ਤਕ ਪਹੁੰਚਾ ਸਕਣ। 'ਸਰਵਿਸ ਪ੍ਰੋਵਾਈਡਰ' ਰਾਹੀਂ ਸਟਾਫ ਸ਼ੀਘਰ ਹੀ ਉਪਲੱਬਧ ਕਰਾਉਣ ਦੀ ਆਸ ਹੈ। ਜੇਕਰ ਲਾਭਪਾਤਰੀ, ਅਦਾਰੇ ਅਤੇ ਹੋਰ ਕੰਮ 'ਸਾਫਟਵੇਅਰ' ਤਿਆਰ ਕਰਕੇ 'ਆਨ ਲਾਈਨ' ਕੀਤਾ ਜਾਂਦਾ ਹੈ ਤਾਂ ਜਿਥੇ ਕੰਮ ਨੇਪਰੇ ਚਾੜਨ ਵਿਚ ਸਮਾਂ ਘੱਟ ਲਗੇਗਾ ਉਥੇ ਇਸ ਕੰਮ ਉਤੇ ਨਿਯੰਤਰਨ ਕਰਨ ਵਿਚ ਵੀ ਅਸਾਨੀ ਹੋਵੇਗੀ । ਫੈਸਲਾ ਕੀਤਾ ਗਿਆ ਕਿ ਉਪਰੋਕਤ ਕੰਮ ਕਰਨ ਲਈ ਲੋੜੀਂਦੇ 'ਸਾਫਟਵੇਅਰ' ਦਾ ਟੈਂਡਰ ਦੇ ਕੇ ਤਿਆਰ ਕਰਾਉਣ ਦੀ ਕਾਰਵਾਈ ਕੀਤੀ ਜਾਵੇ।

ਮੱਦ ਨੰ: 8 : ਵਧੀਕ ਕਿਰਤ ਕਮਿਸ਼ਨਰ ਨੂੰ ਬੋਰਡ ਦੇ ਐਡਵਾਈਜ਼ਰ ਦਾ ਵਾਧੂ ਕੰਮ ਭਾਰ ਸੌਂਪਣ ਬਾਰੇ ਅਤੇ ਬੋਰਡ ਦੇ ਸਕੱਤਰ, ਐਡਵਾਈਜ਼ਰ ਨੂੰ ਬੋਰਡ ਦਾ ਕੰਮ-ਕਾਜ਼ ਕਰਨ ਲਈ ਮਾਨ ਭੱਤਾ।

ਸਟਾਫ ਦੀ ਕਮੀ ਹੋਣ ਕਾਰਨ ਵਿਭਾਗ ਦੇ ਵਧੀਕ ਕਿਰਤ ਕਮਿਸ਼ਨਰ ਨੂੰ ਬੋਰਡ ਦੇ ਐਡਵਾਇਜ਼ਰ ਦਾ ਵਾਧੂ ਕੰਮ ਸੌਂਪਣਾ ਉਚਿਤ ਹੋਵੇਗਾ ।ਕਿਰਤ ਕਮਿਸ਼ਨਰ ਜਿਸ ਨੂੰ ਬੋਰਡ ਦੇ ਸਕੱਤਰ ਦਾ ਵਾਧੂ ਕੰਮ ਦਿੱਤਾ ਹੈ ਨੂੰ 15,000/-ਰੁਪਏ ਪ੍ਰਤੀ ਮਹੀਨਾ ਅਤੇ ਵਧੀਕ ਕਿਰਤ ਕਮਿਸ਼ਨਰ ਜਿਸ ਨੂੰ ਬੋਰਡ ਦੇ ਐਡਵਾਈਜ਼ਰ ਦਾ ਕੰਮ ਦੇਣ ਦੀ ਤਜਵੀਜ਼ ਹੈ ਨੂੰ 10,000/-ਰੁਪਏ ਪ੍ਰਤੀ ਮਹੀਨਾ ਮਾਨ ਭੇਟਾ ਦਿੱਤਾ ਜਾਵੇ । ਫੈਸਲਾ ਕੀਤਾ ਗਿਆ ਕਿ ਵਧੀਕ ਕਿਰਤ ਕਮਿਸ਼ਨਰ ਨੂੰ ਬੋਰਡ ਦੇ ਐਡਵਾਈਜ਼ਰ ਦਾ ਵਾਧੂ ਕੰਮ ਦੇ ਦਿੱਤਾ ਜਾਵੇ ਅਤੇ ਇਨ੍ਹਾਂ ਅਧਿਕਾਰੀਆਂ ਨੂੰ ਨਿਯਮਾਂ ਅਨੁਸਾਰ ਮਾਨ ਭੱਤਾ ਦੇਣ ਲਈ ਕੇਸ ਸਰਕਾਰ ਨੂੰ ਭੇਜ਼ ਦਿੱਤਾ ਜਾਵੇ।

ਮੱਦ ਨੰ: 10 : ਉਗਰਾਹੀ ਸੈਸ ਦੀ 1% ਰਕਮ ਵਸੂਲੀ ਅਫਸਰ ਨੂੰ ਸਰਕਾਰੀ ਵਾਹਨ ਦੇ ਡਰਾਈਵਰ, ਡੀਜ਼ਲ, ਦਫਤਰ ਦੇ ਸਾਜ਼ੋ-ਸਮਾਨ ਦੀ ਖਰੀਦ ਲਈ ਪ੍ਰਵਾਨਗੀ ।

ਭਵਨ ਅਤੇ ਨਿਰਮਾਣ ਕਾਮੇ ਭਲਾਈ ਸੈਸ ਐਕਟ ਦੀ ਧਾਰਾ 3(3) ਵਿੱਚ ਉਪਬੰਧ ਹੈ ਕਿ ਸੈਸ ਇਕੱਠਾ ਕਰਨ ਵਾਲੀ ਏਜ਼ਸੀ ਨੂੰ ਇਕੱਤਰ ਕੀਤੇ ਸੈਸ ਦਾ 1% ਵਸੂਲੀ ਦੇ ਕੰਮ ਤੇ ਹੋਣ ਵਾਲੇ ਖਰਚੇ ਦੇ ਤੌਰ ਤੇ ਰੱਖ ਸਕਦੀ ਹੈ । ਇਸ ਰਕਮ ਨਾਲ ਡਰਾਇਵਰ ਦੀ ਤਨਖਾਹ, ਡੀਜ਼ਲ ਅਤੇ ਹੋਰ ਸਾਜੋ ਸਮਾਨ ਖਰੀਦਿਆ ਜਾਵੇਗਾ। ਇਹ 1% ਰਕਮ ਹਰ ਤਿਮਾਹੀ ਦੇ ਹਿਸਾਬ ਨਾਲ ਦਿੱਤੀ ਜਾਵੇਗੀ। ਫੈਸਲਾ ਕੀਤਾ ਗਿਆ ਕਿ ਉਪਰੋਕਤ ਅਨੁਸਾਰ ਸੈਸ ਦੀ 1% ਰਕਮ ਉਪਰੋਕਤ ਕੰਮਾਂ ਲਈ ਦੇ ਦਿੱਤੀ ਜਾਵੇ ।

ਮੱਦ ਨੰ: 11: ਬੋਰਡ ਦੇ ਰੋਜ਼-ਮਰਰਾ ਦੇ ਖਰਚਿਆਂ ਦੀ ਸੀਮਾ ਨਿਸਚਿਤ ਕਰਨ ਬਾਰੇ ਅਤੇ ਬੋਰਡ ਦੇ ਸਕੱਤਰ ਨੂੰ ਜਰੂਰੀ ਕੰਮ-ਕਾਜ ਲਈ ਬੋਰਡ ਦੀ ਪੂਰਵ ਪ੍ਰਵਾਨਗੀ ਤੋਂ ਪਹਿਲਾਂ ਫੈਸਲਾ ਲੈਣ ਲਈ ਅਧਿਕਾਰਤ ਕਰਨਾ ।

ਪਿਛਲੀ ਬੈਠਕ ਵਿੱਚ ਬੋਰਡ ਦਾ ਵਿੱਤੀ ਕੰਮ ਬਿਨਾਂ ਰੋਕ-ਟੋਕ ਚਲਾਉਣ ਲਈ ਸਕੱਤਰ ਨੂੰ ਵਿੱਤੀ ਅਖਤਿਆਰ ਦਿੱਤੇ ਗਏ ਸਨ। ਹੁਣ ਇਹ ਫੈਸਲਾ ਲਿਆ ਗਿਆ ਕਿ ਜੇ ਬੋਰਡ ਨੂੰ ਕੋਈ ਅਚਨਚੇਤ ਖਰਚਾ ਕਰਨਾ ਪੈ ਜਾਂਦਾ ਹੈ ਤਾਂ ਬੋਰਡ ਦੀ ਅਗਲੀ ਬੈਠਕ ਹੋਣ ਤੱਕ ਦੇ ਸਮੇਂ ਦੌਰਾਨ ਸਕੱਤਰ ਇੱਕ ਲੱਖ ਰੁਪਏ ਤੱਕ ਦੀ ਰਾਸ਼ੀ ਖਰਚ ਕਰ ਸਕਦਾ ਹੈ ਅਤੇ ਇਸ ਦੀ ਪ੍ਰਵਾਨਗੀ ਬੋਰਡ ਦੀ ਅਗਲੀ ਬੈਠਕ ਵਿੱਚ ਲੈ ਲਈ ਜਾਵੇਗੀ।

**ਮੱਦ ਨੰ:12: ਉਸਾਰੀ ਕਾਮਿਆਂ ਦੇ ਹੁਨਰ ਨੂੰ ਵਧਾਉਣ ਲਈ ਨੈਸ਼ਨਲ ਅਕੈਡਮੀ ਆਫ ਕੰਸਟ੍ਰਕਸ਼ਨ ਹੈਦਰਾਬਾਦ ਤੋਂ ਟ੍ਰੇਨਿੰਗ ਦਿਵਾਉਣਾ।**

ਨੈਸ਼ਨਲ ਅਕੈਡਮੀ ਆਫ ਕੰਸਟ੍ਰਕਸ਼ਨ, ਹੈਦਰਾਬਾਦ ਨੇ ਵਿਭਾਗ ਨੂੰ ਆਪਣਾ ਬਰੋਸ਼ਰ ਭੇਜਦੇ ਹੋਏ ਇਹ ਦੱਸਿਆ ਸੀ ਕਿ ਉਹਨਾਂ ਦੀ ਅਕੈਡਮੀ ਦੇਸ਼ ਭਰ ਵਿੱਚ 162 ਥਾਵਾਂ ਤੇ ਨਿਰਮਾਣ ਕਿਰਤੀਆਂ ਨੂੰ ਵੱਖ ਵੱਖ ਟ੍ਰੇਡਾਂ ਵਿੱਚ ਟ੍ਰੇਨਿੰਗ ਦਿਲਵਾਉਂਦੀ ਹੈ ਜੋ ਲਗਭਗ ਮੁਫਤ ਹੈ ਪਰ ਹੋਸਟਲ ਦਾ ਖਰਚਾ ਲਿਆ ਜਾਂਦਾ ਹੈ। ਫੈਸਲਾ ਕੀਤਾ ਗਿਆ. ਕਿ ਇਸ ਮੱਦ ਨੂੰ ਹਾਲ ਦੀ ਘੜੀ ਲੰਬਿਤ ਰੱਖਿਆ ਜਾਵੇ ।

**ਮੱਦ ਨੰ:13: ਵਸੂਲੀ ਜਾ ਰਹੀ ਸੈਸ ਦੀ ਰਾਸ਼ੀ ਤੇ ਵੱਧ ਤੋ ਵੱਧ ਵਿਆਜ ਲੈਣ ਲਈ ਬੈਂਕਾਂ ਤੋਂ ਟੈਂਡਰ।**

ਇਸ ਸਮੇਂ ਜੋ ਸੈਸ ਇਕੱਤਰ ਕੀਤਾ ਜਾ ਰਿਹਾ ਹੈ ਉਹ ਪੰਜਾਬ ਨੈਸ਼ਨਲ ਬੈਂਕ ਅਤੇ ਐਚ.ਡੀ.ਐਫ.ਸੀ. ਬੈਂਕ ਵਿੱਚ ਜਮ੍ਹਾਂ ਕਰਵਾਇਆ ਜਾ ਰਿਹਾ ਹੈ। ਇਸ ਸਮੇਂ ਲੱਗਭਗ 31.00 ਕਰੋੜ ਰੁਪਏ ਬੈਂਕਾਂ ਵਿਚ ਰੱਖੇ ਗਏ ਹਨ ।ਉਚਿਤ ਹੋਵੇਗਾ ਕਿ ਇਹ ਰਾਸ਼ੀ ਉਸ ਬੈਂਕ ਵਿਚ ਰੱਖੀ ਜਾਵੇ ਜੋ ਆਟੋ ਸਵੀਪ ਸੁਵਿਧਾ ਨਾਲ ਸਭ ਤੋਂ ਵੱਧ ਵਿਆਜ਼ ਦੇਵੇ। ਫੈਸਲਾ ਕੀਤਾ ਗਿਆ ਕਿ ਆਟੋ ਸਵੀਪ ਸਹੂਲਤ ਨਾਲ ਸਭ ਤੋਂ ਵੱਧ ਵਿਆਜ ਦੇਣ ਵਾਲੇ ਬੈਂਕ ਪਤਾ ਕਰਨ ਲਈ ਅਖਬਾਰ ਵਿਚ ਟੈਂਡਰ ਦਾ ਇਸ਼ਤਿਹਾਰ ਦੇ ਦਿੱਤਾ ਜਾਵੇ ਅਤੇ ਉਸ ਬੈਂਕ ਵਿਚ ਰਕਮ ਆਟੋ ਸਵੀਪ ਸਹੂਲਤ ਨਾਲ ਰੱਖੀ ਜਾਵੇ।

ਇਹ ਵੀ ਦੱਸਿਆ ਗਿਆ ਕਿ ਪ੍ਰਾਪਤ ਕੀਤੇ ਗਏ ਵਿਆਜ਼ ਨੂੰ ਟੈਕਸ ਤੋਂ ਛੋਟ ਦੇਣ ਲਈ ਆਮਦਨ ਕਰ ਵਿਭਾਗ ਵਿਚ ਅਰਜੀ ਕਿਸੇ ਮਾਹਿਰ ਵਕੀਲ ਦੀ ਮੱਦਦ ਨਾਲ ਦਾਖਲ ਕੀਤੀ ਜਾਵੇ। ਫੈਸਲਾ ਕੀਤਾ ਗਿਆ ਕਿ ਆਮਦਨ ਕਰ ਨਾਲ ਸਬੰਧਤ ਮਾਹਿਰ ਵਕੀਲ ਦੀ ਮੱਦਦ ਨਾਲ ਆਮਦਨ ਕਰ ਵਿਭਾਗ ਵਿਚ ਆਮਦਨ ਕਰ ਤੋਂ ਛੋਟ ਲੈਣ ਲਈ ਅਰਜ਼ੀ ਦਾਖਲ ਕੀਤੀ ਜਾਵੇ। ਇਹ ਵੀ ਧਿਆਨ ਵਿਚ ਰੱਖ ਲਿਆ ਜਾਵੇ ਕਿ ਕਿਧਰੇ ਸੈਸ ਦੇ ਵਿਆਜ ਤੋਂ ਇਲਾਵਾ ਨੈਟ ਸੈਸ ਤੇ ਤਾਂ ਆਮਦਨ ਕਰ ਨਹੀਂ ਲਿਆ ਜਾ ਰਿਹਾ ।

**ਸਪਲੀਮੈਂਟਰੀ ਮੱਦਾਂ**

**ਮੱਦ ਨੰ: 15 ਮਾਨਯੋਗ ਚੇਅਰਮੈਨ ਨੂੰ ਫੈਸਲੇ ਲੈਣ ਲਈ ਅਧਿਕਾਰ।**

ਬੋਰਡ ਦੀ ਹੁਣੇ ਹੀ ਸਥਾਪਨਾ ਹੋਈ ਹੈ ਆਰੰਭ ਵਿਚ ਕੰਮ ਭਾਰ ਜ਼ਿਆਦਾ ਹੈ ਕੁਝ ਕੇਸਾਂ ਵਿਚ ਤੁਰੰਤ ਫੈਸਲੇ ਲਏ ਜਾਣੇ ਲੋੜੀਂਦੇ ਹੁੰਦੇ ਹਨ । ਬੋਰਡ ਦੀ ਬੈਠਕ ਕਰਨ ਨੂੰ ਕੁਝ ਸਮਾਂ ਲਗੱਣਾ ਹੁੰਦਾ ਹੈ। ਇਨ੍ਹਾਂ ਕੇਸਾਂ ਤੇ ਤੁਰੰਤ ਫੈਸਲਾ ਲੈਣ ਲਈ ਮਾਨਯੋਗ ਚੈਅਰਮੈਨ ਨੂੰ ਅਧਿਕਾਰਤ ਕਰ ਦਿੱਤਾ ਜਾਵੇ ਅਤੇ ਇਸ ਫੈਸਲੇ ਦੀ ਪੁਸ਼ਟੀ ਅਗਲੀ ਬੈਠਕ ਵਿਚ ਬੋਰਡ ਤੋਂ ਕਰਵਾ ਲਈ ਜਾਵੇ। ਫੈਸਲਾ ਕੀਤਾ ਗਿਆ ਕਿ ਮਾਨਯੋਗ ਚੈਅਰਮੈਨ ਨੂੰ ਅਧਿਕਾਰ ਦਿੱਤੇ ਜਾਂਦੇ ਹਨ ਕਿ ਉਹ ਕੇਸਾਂ ਤੇ ਖੁਦ ਫੈਸਲਾ ਲੈ ਲੈਣ। ਜਦੋਂ ਬੋਰਡ ਦੀ ਅਗਲੀ ਬੈਠਕ ਹੁੰਦੀ ਹੈ ਤਾਂ ਇਸ ਦੀ ਪ੍ਰੋੜਤਾ ਕਰਵਾ ਲਈ ਜਾਵੇ।



ਫੈਕਸ ਨੰ: 0172-2704091

**ਮੱਦ ਨੰ:16 ਲਾਭਪਾਤਰੀ ਰਜਿਸਟਰ ਕਰਨ ਦੇ ਕੰਮ ਨੂੰ ਸਰਲ ਕਰਨ ਲਈ ਨਿਯਮਾਂ ਵਿੱਚ ਸੋਧ।**

ਸ੍ਰੀ ਕਰਤਾਰ ਸਿੰਘ ਰਠੌਰ ਵਲੋਂ ਕਿਹਾ ਗਿਆ ਕਿ ਉਨ੍ਹਾਂ ਨੇ ਪੂਰਬਲੇ ਸਕੱਤਰ ਜੀ ਅਤੇ ਸ੍ਰੀ ਜੈਕਬ ਪ੍ਰਤਾਪ, ਸਹਾਇਕ ਕਿਰਤ ਕਮਿਸ਼ਨਰ (ਸਦਰ) ਨਾਲ ਮੱਧ ਪ੍ਰਦੇਸ਼ ਦਾ ਦੌਰਾ ਕੀਤਾ ਸੀ । ਮੱਧ ਪ੍ਰਦੇਸ਼ ਸਰਕਾਰ ਵਲੋਂ ਨਿਯਮਾਂ ਵਿਚ ਸੋਧ ਕਰਕੇ ਯੂਨੀਅਨਾਂ ਨੂੰ ਅਧਿਕਾਰਤ ਕੀਤਾ ਗਿਆ ਹੈ ਕਿ ਉਹ ਉਸਾਰੀ ਕਾਮਿਆਂ ਦੇ ਰਜਿਸਟਰ ਕੀਤੇ ਅਦਾਰੇ ਵਿਚ ਕੰਮ ਕਰਨ ਸਬੰਧੀ ਸਰਟੀਫਿਕੇਟ ਜਾਰੀ ਕਰ ਸਕਣ।

ਸਕੱਤਰ ਜੀ ਵਲੋਂ ਦਸਿਆ ਗਿਆ ਕਿ ਮੌਜੂਦਾ ਉਪਬੰਧਾਂ ਅਨੁਸਾਰ ਕਿਸੇ ਵੀ ਨਿਰਮਾਣ ਕਿਰਤੀ ਨੂੰ ਬੋਰਡ ਦੇ ਲਾਭਪਾਤਰੀ ਵਜੋਂ ਰਜਿਸਟਰਡ ਕਰਨ ਲਈ ਉਸ ਵਲੋਂ ਪਿਛਲੇ 12 ਮਹੀਨਿਆਂ ਦੌਰਾਨ 90 ਦਿਨ ਨਿਰਮਾਣ ਕਿਰਤੀ ਵਜੋਂ ਕੰਮ ਕੀਤਾ ਹੋਣਾ ਚਾਹੀਦਾ ਹੈ ਅਤੇ ਉਹ ਮੌਜੂਦਾ ਕਿਸੇ ਰਜਿਸਟਰ ਕੀਤੇ ਅਦਾਰੇ ਵਿੱਚ ਕੰਮ ਤੇ ਲੱਗਾ ਹੋਣਾ ਚਾਹੀਦਾ ਹੈ। ਸਬੰਧਤ ਅਦਾਰੇ ਦੇ ਪ੍ਰਬੰਧਕਾਂ ਵਲੋਂ ਉਸ ਨੂੰ ਫਾਰਮ ਨੰ: XXVII ਵਿਚ ਸਰਟੀਫਿਕੇਟ ਦਿੱਤਾ ਹੋਣਾ ਚਾਹੀਦਾ ਹੈ । ਉਸ ਦੀ ਉਮਰ 18 ਤੋਂ 60 ਸਾਲ ਵਿਚ ਹੋਣੀ ਚਾਹੀਦੀ ਹੈ । ਇਸ ਸਬੰਧੀ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ (ਰੈਗੂਲੇਸ਼ਨ ਆਫ ਇੰਪਲਾਈਮੈਂਟ ਐਂਡ ਕੰਡੀਸ਼ਨਜ਼ ਆਫ ਸਰਵਿਸ) ਰੂਲਜ਼, 2008 ਦੇ ਨਿਯਮ 260(3) ਵਿਚ ਹੇਠ ਲਿਖੇ ਅਨੁਸਾਰ ਉਪਬੰਧ ਹੈ:-

ਨਿਯਮ 260 (3) : **A certificate from the employer or the contractor in Form XXVII that the applicant is a building worker as per provisions of these rules, shall also be produced alongwith the application for registration. In case, such a certificate is not available, a certificate issued by the Labour Inspector after proper verification and duly countersigned by the Assistant Labour Commissioner or Labour-cum-Conciliation Officer of the concerned area, shall also be considered.**

ਪ੍ਰੰਤੂ ਇਸ ਸਮੇਂ ਕਈ ਅਦਾਰੇ ਐਕਟ ਦੇ ਉਪਬੰਧਾਂ ਅਨੁਸਾਰ ਰਜਿਸਟਰ ਨਹੀਂ ਹਨ ਜਿਸ ਕਾਰਨ ਉਸਾਰੀ ਕਾਮੇ ਦੀ ਬਤੌਰ ਲਾਭਪਾਤਰੀ ਰਜਿਸਟਰੇਸ਼ਨ ਕਰਨ ਵਿਚ ਦਿੱਕਤ ਪੇਸ਼ ਆਉਂਦੀ ਹੈ ਪ੍ਰੰਤੂ ਨਿਯਮਾਂ ਵਿਚ ਇਹ ਵੀ ਉਪਬੰਧ ਹੈ ਕਿ ਹਲਕੇ ਦੇ ਕਿਰਤ ਇੰਸਪੈਕਟਰ ਵਲੋਂ ਇਸ ਦੀ ਪੜਤਾਲ ਕਰਕੇ ਕਾਮੇ ਦੇ ਉਸਾਰੀ ਨਾਲ ਸਬੰਧਤ ਅਦਾਰੇ ਵਿਚ ਕੰਮ ਕਰਨ ਦਾ ਸਰਟੀਫਿਕੇਟ ਜਾਰੀ ਕੀਤਾ ਜਾ ਸਕਦਾ ਹੈ। ਪ੍ਰੰਤੂ ਵਿਭਾਗ ਵਿਚ ਕਿਰਤ ਇੰਸਪੈਕਟਰਾਂ ਦੀ ਬਹੁੱਤ ਘਾਟ ਹੈ ਅਤੇ ਉਸਾਰੀ ਕਾਮਿਆਂ ਦੀ ਗਿਣਤੀ ਲੱਖਾਂ ਵਿਚ ਹੈ ਇਸ ਲਈ ਹਰ ਇਕ ਕੇਸ ਵਿਚ ਕਿਰਤ ਇੰਸਪੈਕਟਰ ਵਲੋਂ ਵਿਧੀ ਅਪਨਾਉਂਦੇ ਹੋਏ ਪੜਤਾਲ ਕਰਨੀ ਸੰਭਵ ਨਹੀਂ ਹੈ ।ਫੈਸਲਾ ਕੀਤਾ ਗਿਆ ਕਿ ਨਿਯਮਾਂ ਵਿਚ ਸੋਧ ਕਰਨ ਲਈ ਕੇਸ ਪੇਸ਼ ਕੀਤਾ ਜਾਵੇ ।

**ਮੱਦ ਨੰ: 17** **ਕੌਮੀ ਪੇਂਡੂ ਰੋਜ਼ਗਾਰ ਗਰੰਟੀ ਸਕੀਮ ਅਧੀਨ ਕਾਮਿਆਂ ਦੀ ਬਤੌਰ ਲਾਭਪਾਰਤੀ ਰਜਿਸਟਰੇਸ਼ਨ।**

ਕੌਮੀ ਪੇਂਡੂ ਰੋਜਗਾਰ ਗਰੰਟੀ ਸਕੀਮ ਅਧੀਨ ਕਾਮੇ ਮੁੱਖ ਤੌਰ ਤੇ ਉਸਾਰੀ ਕੰਮਾਂ ਵਿੱਚ ਹੀ ਲੱਗੇ ਹੁੰਦੇ ਹਨ। ਪਿਛਲੇ ਸਾਲ ਵਿਚ 90 ਦਿਨ ਰੋਜ਼ਗਾਰ ਪ੍ਰਾਪਤ ਕਰਨ ਵਾਲੇ ਕਾਮਿਆਂ ਨੂੰ ਬੋਰਡ ਦੇ ਲਾਭਪਾਤਰੀ ਵਜੋਂ ਰਜਿਸਟਰ ਕੀਤਾ ਜਾਵੇ । ਫੈਸਲਾ ਕੀਤਾ ਗਿਆ ਹੈ ਕਿ ਅਜਿਹੇ ਕਾਮਿਆਂ ਦੀ ਸੂਚੀ ਸਮੇਤ ਪਤਾ ਅਤੇ ਲੋੜੀਂਦੇ ਵਿਵਰਣ ਡਾਇਰੈਕਟਰ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਜਾਂ ਸੰਯੁਕਤ ਵਿਕਾਸ ਕਮਿਸ਼ਨਰ ਤੋਂ ਪ੍ਰਾਪਤ ਕੀਤੇ ਜਾਣ ਅਤੇ ਕਾਮਿਆਂ ਨੂੰ ਰਜਿਸਟਰ ਕੀਤਾ ਜਾਵੇ ਅਤੇ 1% ਸੈਸ ਵੀ ਵਸੂਲਿਆ ਜਾਵੇ।

**ਮੱਦ ਨੰ: 18** **ਲਾਭਪਾਤਰੀ ਰਜਿਸਟਰ ਕਰਨ ਦੇ ਕੰਮ ਵਿਚ ਗਤੀ ਲਿਆਉਣ ਲਈ ਉਸਾਰੀ ਕਾਮਿਆਂ ਲਈ ਰਜਿਸਟ੍ਰੇਸ਼ਨ ਫੀਸ/ ਅੰਸ਼ਦਾਨ ਤੋਂ ਛੋਟ**

ਸ੍ਰੀ ਕਰਤਾਰ ਸਿੰਘ ਰਠੌਰ ਵਲੋਂ ਦਸਿਆ ਗਿਆ ਕਿ ਕਈ ਕਾਮੇ ਰਜਿਸਟਰ ਕਰਨ ਦੀ ਫੀਸ 25/- ਰੁਪਏ ਅਤੇ ਹਰ ਮਹੀਨੇ 10/- ਰੁਪਏ ਅੰਸ਼ਦਾਨ ਦੇਣ ਤੋਂ ਗੁਰੇਜ਼ ਕਰਦੇ ਹਨ। ਖਾਸ ਕਰਕੇ ਉਸ ਸਮੇਂ ਜਦੋਂ ਅਜੇ ਭਲਾਈ ਸਕੀਮਾਂ ਦੀ ਜਾਣਕਾਰੀ ਉਨ੍ਹਾਂ ਤਕ ਨਹੀਂ ਪਹੁੰਚੀ ਹੈ। ਫੈਸਲਾ ਕੀਤਾ ਗਿਆ ਕਿ ਲਾਭਪਾਤਰੀ ਵਜੋਂ ਰਜਿਸਟਰ ਕਰਨ ਦੀ ਗਤੀ ਵਧਾਉਣ ਅਤੇ ਕਾਮਿਆਂ ਨੂੰ ਇਹ ਸਹੂਲਤ ਦੇਣ ਲਈ ਅਗਲੇ 6 ਮਹੀਨੇ ਦੇ ਸਮੇਂ ਲਈ ਰਜਿਸਟਰ ਕਰਨ ਦੀ ਫੀਸ ਅਤੇ ਅੰਸ਼ਦਾਨ ਦੀ ਰਕਮ ਦੇਣ ਤੋਂ ਛੋਟ ਦਿੱਤੀ ਜਾਂਦੀ ਹੈ ਅਤੇ ਇਹ ਰਕਮ ਬੋਰਡ ਵਲੋਂ ਭਰੀ ਜਾਵੇਗੀ ।

**ਮੱਦ ਨੰ: 19** **ਪੰਜਾਬ ਰਾਜ ਵਿੱਚ ਜ਼ਿਲ੍ਹਿਆਂ ਵਿੱਖੇ ਉਸਾਰੀ ਕਾਮਿਆਂ ਲਈ ਸ਼ੈਡ।**

ਫੈਸਲਾ ਲਿਆ ਗਿਆ ਕਿ ਵੱਖ-ਵੱਖ ਜ਼ਿਲਿਆ ਵਿਚ ਉਸਾਰੀ ਕਾਮਿਆਂ ਲਈ ਲੇਬਰ ਚੌਂਕ ਤੇ ਖੜ੍ਹੇ ਹੋਣ ਲਈ ਸ਼ੈਡ ਅਤੇ ਇਕ ਭਵਨ ਉਸਾਰਿਆ ਜਾਵੇ ਜਿਸ ਵਿਚ ਉਨ੍ਹਾਂ ਨੂੰ ਮੁੱਢਲੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾਣ। ਇਸ ਸਬੰਧ ਵਿਚ ਇਕ ਮਾਡਲ ਨਕਸ਼ਾ ਪੀ.ਡਬਲਿਯੂ.ਡੀ. ਜਾਂ ਹੋਰ ਏਜੰਸੀ ਦੀ ਮੱਦਦ ਨਾਲ ਤਿਆਰ ਕਰ ਲਿਆ ਜਾਵੇ। ਉਸਾਰੀ ਤੇ ਜੋ ਖਰਚਾ ਆਵੇਗਾ ਉਸ ਲਈ ਫੰਡ ਬੋਰਡ ਦੇਵੇਗਾ ਪ੍ਰੰਤੂ ਜ਼ਮੀਨ ਨਗਰ ਕੌਂਸਿਲ ਜਾਂ ਕਾਰਪੋਰੇਸ਼ਨ ਵਲੋਂ ਦਿੱਤੀ ਜਾਵੇਗੀ ।ਇਹ ਮਾਮਲਾ ਸਬੰਧਤ ਅਥਾਰਟੀ ਨਾਲ ਉਠਾਇਆ ਜਾਵੇ।ਪਾਇਲੇਟ ਪ੍ਰੋਜੈਕਟ ਜਲੰਧਰ ਵਿਖੇ ਸ੍ਰੀ ਕਰਤਾਰ ਸਿੰਘ ਰਠੌਰ ਦੀ ਮੱਦਦ ਨਾਲ ਕੀਤਾ ਜਾਵੇਗਾ ।

(81)

**ਮੱਦ ਨੰ: 20** **ਭੱਠਿਆਂ ਤੇ ਮਜ਼ਦੂਰਾਂ ਦੀ ਬਤੌਰ ਲਾਭਪਾਤਰੀ ਰਜਿਸਟਰੇਸ਼ਨ।**

ਵਧੀਕ ਕਿਰਤ ਕਮਿਸ਼ਨਰ ਵਲੋਂ ਸੁਝਾਓ ਦਿੱਤਾ ਗਿਆ ਕਿ ਭੱਠਿਆਂ ਤੇ ਕੰਮ ਕਰ ਰਹੇ ਮਜ਼ਦੂਰਾਂ ਨੂੰ ਉਸਾਰੀ ਕਾਮੇ ਮੰਨਦੇ ਹੋਏ ਬਤੌਰ ਲਾਭਪਾਤਰੀ ਰਜਿਸਟਰ ਕੀਤਾ ਜਾਵੇ । ਇਸ ਸੁਝਾਓ ਤੇ ਸਕੱਤਰ, ਬੋਰਡ ਨੇ ਇਤਰਾਜ ਉਠਾਇਆ ਕਿ ਭੱਠੇ ਪਹਿਲਾਂ ਹੀ ਫੈਕਟਰੀਜ਼ ਐਕਟ, 1948 ਅਧੀਨ ਰਜਿਸਟਰ ਕੀਤੇ ਜਾ ਚੁੱਕੇ ਹਨ ਕਿਉਂ ਜੋ ਉਹ ਐਕਟ ਦੀ ' ਫੈਕਟਰੀ ' ਪਰਿਭਾਸ਼ਾ ਵਿਚ ਕਵਰ ਹੁੰਦੇ ਹਨ । ਉਥੇ ਕੰਮ ਕਰਦੇ ਮਜ਼ਦੂਰਾਂ ਨੂੰ ਫੈਕਟਰੀ ਐਕਟ ਅਧੀਨ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ । ਦੂਜਾ ਭੱਠੇ 'ਉਸਾਰੀ ਕੰਮ' ਦੀ ਪਰਿਭਾਸ਼ਾ ਵਿਚ ਨਹੀਂ ਆਉਂਦੇ, ਇਸ ਲਈ ਕਾਨੂੰਨ ਅਨੁਸਾਰ ਭੱਠਿਆਂ ਤੇ ਕੰਮ ਕਰ ਰਹੇ ਮਜ਼ਦੂਰਾਂ ਨੂੰ 'ਉਸਾਰੀ ਕਾਮੇ' ਨਹੀਂ ਮੰਨਿਆ ਜਾ ਸਕਦਾ। ਵਧੀਕ ਕਿਰਤ ਕਮਿਸ਼ਨਰ ਨੇ ਦੱਸਿਆ ਕਿ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ (ਰੈਗੂਲੇਸ਼ਨ ਆਫ ਇੰਪਲਾਈਮੈਂਟ ਐਂਡ ਕੰਡੀਸ਼ਨਜ਼ ਆਫ ਸਰਵਿਸ)ਐਕਟ, 1996, ਤਿੰਨ ਐਕਟਾਂ ; ਫੈਕਟਰੀਜ਼ ਐਕਟ, 1948 (ਸੇਫਟੀ ਹੈਲਥ ਐਂਡ ਵੈਲਫੇਅਰ), ਪੰਜਾਬ ਲੇਬਰ ਵੈਲਫੇਅਰ ਫੰਡ ਐਕਟ, 1965 ਅਤੇ ਕੰਟਰੈਕਟ ਲੇਬਰ (ਰੈਗੂਲੇਸ਼ਨ ਐਂਡ ਐਬੋਲੀਸ਼ਨ) ਐਕਟ, 1970 ਦਾ ਨਚੋੜ ਹੈ। ਇਸ ਲਈ ਇਹ ਇਕੱਲਾ ਐਕਟ ਹੀ ਤਿੰਨ ਐਕਟਾਂ ਦਾ ਕੰਮ ਕਰਦਾ ਹੈ ਜਿਸ ਨਾਲ ਉਸਾਰੀ ਕਿਰਤੀਆਂ ਨੂੰ ਵਧੇਰੇ ਲਾਭ ਹੋਵੇਗਾ।

ਬੋਰਡ ਦੇ ਬਹੁਤੇ ਮੈਂਬਰ ਸਕੱਤਰ ਬੋਰਡ ਨਾਲ ਸਹਿਮਤ ਨਹੀਂ ਸਨ ਅਤੇ ਉਨ੍ਹਾਂ ਇਹ ਫੈਸਲਾ ਲਿਆ ਕਿ ਇਹ ਵੇਖਿਆ ਜਾਵੇ ਕਿ ਕਾਮਿਆਂ ਨੂੰ ਕਿਸ ਕਾਨੂੰਨ ਹੇਠ ਵਧੇਰੀਆਂ ਸਹੂਲਤਾਂ ਹਨ ਅਤੇ ਰਿਪੋਟ ਅਗਲੀ ਬੈਠਕ ਵਿਚ ਪੇਸ਼ ਕੀਤੀ ਜਾਵੇ।

**ਮੱਦ ਨੰ: 21** **ਸੈਸ ਵਸੂਲਣ ਦੀ ਰਫਤਾਰ ਵਿੱਚ ਵਾਧਾ।**

ਦੱਸਿਆ ਗਿਆ ਕਿ ਕੁੱਝ ਹੀ ਅਦਾਰੇ ਰਜਿਸਟਰ ਹੋਏ ਹਨ। ਲਗਭਗ ਸਮੂਹ ਉਸਾਰੀ ਕੰਮਾਂ ਨਾਲ ਜੁੜੇ ਅਦਾਰੇ ਰਜਿਸਟਰ ਕਰਨੇ ਰਹਿੰਦੇ ਹਨ। ਖਾਸ ਕਰ ਚੰਡੀਗੜ੍ਹ ਨਾਲ ਲਗਦੇ ਪੰਜਾਬ ਦੇ ਖੇਤਰ ਵਿੱਚ ਉਸਾਰੀ ਕੰਮਾਂ ਨਾਲ ਜੁੜੇ ਅਦਾਰਿਆਂ ਦੀ ਰਜਿਸਟਰ ਕਰਨ ਦੀ ਗਿਣਤੀ ਨਾ ਬਰਾਬਰ ਹੈ। ਇਥੋਂ ਦੇ ਖੇਤਰੀ ਅਫਸਰ ਵਲੋਂ ਦਸਿਆ ਗਿਆ ਸੀ ਕਿ ਉਨ੍ਹਾਂ ਨੂੰ ਧਮਦੀ ਮਿਲੀ ਸੀ ਸੈਸ ਨਾ ਵਸੂਲਣ ਦੀ। ਫੈਸਲਾ ਲਿਆ ਗਿਆ, ਸੈਸ ਦੀ ਵਸੂਲੀ ਨਾਲ ਹੀ ਉਸਾਰੀ ਕਾਮਿਆਂ ਲਈ ਭਲਾਈ ਸਕੀਮਾਂ ਚਲਦੀਆਂ ਹਨ। ਬੇਝਿਜਕ ਅਦਾਰੇ ਰਜਿਸਟਰ ਕੀਤੇ ਜਾਣ ਅਤੇ ਸੈਸ ਵਸੂਲਿਆ ਜਾਵੇ। ਜੇਕਰ ਮੁਹਾਲੀ ਦੇ ਖੇਤਰੀ ਅਫਸਰ ਨੂੰ ਕੋਈ ਧਮਕੀ ਮਿਲੀ ਹੈ ਤਾਂ ਪੁਲਿਸ ਕਾਰਵਾਈ ਕੀਤੀ ਜਾਵੇ। ਸੈਸ ਵਸੂਲੀ ਦੀ ਪ੍ਰਗਤੀ ਦਾ ਜਾਇਜਾ ਲੈਣ ਲਈ ਮਾਨਯੋਗ ਚੇਅਰਮੈਨ ਵੱਲੋਂ ਵੀ ਨਿਕਟ ਭਵਿੱਚ ਵਿੱਚ ਬੈਠਕ ਕੀਤੀ ਜਾ ਸਕਦੀ ਹੈ।

ਬੈਠਕ ਧੰਨਵਾਦ ਦੇ ਮਤੇ ਨਾਲ ਸਮਾਪਤ ਹੋਈ ।